ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ
(ਦਫਤਰੀ ਅਮਲਾ ਸਾਖਾ)

ਅਤਿ-ਜਰੂਰੀ

ਸੇਵਾ ਵਿਖੇ

ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਬਠਿੰਡਾ, ਫਰੀਦਕੋਟ, ਫਿਰੋਜ਼ਪੁਰ,
ਫਾਜਿਲਕਾ, ਮਾਨਸਾ, ਮੋਗਾ,
ਸ੍ਰੀ ਮੁਕਤਸਰ ਸਾਹਿਬ।

ਮੀਮੋ ਨੰ: 13/523-2017 ਦਫਤਰੀ ਅਮਲਾ (7)/201830627
ਮਿਤੀ: 19-07-2018

ਵਿਸ਼ਾ:- ਕਲਰਕਾਂ/ ਜੂਨੀਅਰ ਸਹਾਇਕਾਂ ਨੂੰ 05 ਰੋਜਾ ਟ੍ਰੇਨਿੰਗ ਕੈਂਪ ਮਿਤੀ 23/07/2018 ਤੋਂ 27/07/2018 ਤੱਕ ਟ੍ਰੇਨਿੰਗ ਦੇਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਦੇ ਜਿਲੇ ਨਾਲ ਸਬੰਧਤ ਕਲਰਕ/ ਜੂਨੀਅਰ ਸਹਾਇਕ ਜੋ 05 ਰੋਜਾ ਕੈਂਪ ਲਗਾ ਕੇ ਦਿੱਤੀ ਟ੍ਰੇਨਿੰਗ ਤੋਂ ਵਾਂਝੇ ਰਹਿ ਗਏ ਹਨ, ਫੇਲ੍ਹ ਹੋ ਗਏ ਹਨ ਜਾਂ ਗੈਰ-ਹਾਜਰ ਹਨ ਦੀ ਟ੍ਰੇਨਿੰਗ ਮੁੜ <u>ਜਿਲਾ ਸਿੱਖਿਆ ਅਫਸਰ (ਸੈਸਿ) ਫਰੀਦਕੋਟ</u> ਦੀ ਦੇਖਰੇਖ ਵਿੱਚ <u>ਸ੍ਰੀ ਵਿਕਾਸ ਮਿੱਤਲ, ਐਸ.ਓ</u> ਟ੍ਰੇਨਿੰਗ ਦੇਣਗੇ। ਜਿਲਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਟ੍ਰੇਨਿੰਗ ਵਾਲੀ ਥਾਂ ਆਪ ਤੈਅ ਕਰਨਗੇ ਅਤੇ ਉਕਤ ਜਿਲਿਆਂ ਨਾਲ ਤਾਲਮੇਲ ਕਰਨਗੇ। ਟ੍ਰੇਨਿੰਗ ਵਿੱਚ ਹੇਠ ਲਿਖੇ ਮੁੱਦਿਆਂ ਬਾਰੇ ਉਹਨਾਂ ਨੂੰ ਜਾਣਕਾਰੀ ਦਿੱਤੀ ਜਾਵੇ:-

1 ਲੇਖਾ ਦੇ ਕੰਮ ਬਾਰੇ ਜਾਣਕਾਰੀ ਦੇਣਾ:- ਕੈਸ਼ ਬੁੱਕ ਲਿਖਣੀਆਂ, ਹਰ ਤਰ੍ਹਾਂ ਦੇ ਬਿਲ ਤਿਆਰ ਕਰਨੇ, ਪੇ-ਫਿਕਸੇਸ਼ਨਾਂ ਬਾਰੇ ਜਾਣਕਾਰੀ ਦੇਣਾ, ਏ.ਸੀ.ਪੀ ਦੇ ਲਾਭ ਦੇਣਾ, ਪੈਨਸ਼ਨ ਕੇਸ ਤਿਆਰ ਕਰਨਾ, ਲੀਵ ਇੰਨਕੈਸ਼ਮੈਂਟ, ਗਰੈਚੁਟੀ ਦੇ ਬਿਲ ਤਿਆਰ ਕਰਨੇ, ਜੀ.ਆਈ.ਐਸ ਮੇਨਟੇਨ ਕਰਨ ਸਬੰਧੀ, ਜੀ.ਪੀ.ਫੰਡ ਮੇਨਟੇਨ ਕਰਨ ਬਾਰੇ ਅਤੇ ਆਡਿਟ/ ਸੀ.ਏ.ਜੀ ਪੈਰੇ ਸੈਟਲ ਕਰਵਾਉਣ ਅਤੇ ਐਲ.ਟੀ.ਸੀ ਦੀਆਂ ਹਦਾਇਤਾਂ (ਸਜਾ ਤੇ ਅਪੀਲ) ਦੇ ਰੂਲਾਂ ਸਬੰਧੀ ਜਾਣਕਾਰੀ ਦੇਣਾ ਅਤੇ ਕੰਡਕਟ ਰੂਲਾਂ ਆਦਿ ਸਬੰਧੀ ਜਾਣਕਾਰੀ ਦੇਣਾ ਸ਼ਾਮਿਲ ਹੈ।

2 ਸੀ.ਐਸ.ਆਰ ਰੂਲਾਂ ਸਬੰਧੀ:-ਸਮੂਹ ਕਲਰਕਾਂ/ ਜੂਨੀਅਰ ਸਹਾਇਕਾਂ ਨੂੰ ਪੰਜਾਬ ਸਿਵਲ ਸਰਵਿਸ ਨਿਯਮਾਂਵਲੀ ਬਾਰੇ ਜਾਣਕਾਰੀ ਦੇਣਾ, ਨੋਟਿੰਗ ਅਤੇ ਡਰਾਫਟਿੰਗ ਬਾਰੇ ਜਾਣਕਾਰੀ ਦੇਣਾ। ਸੇਵਾ-ਪੱਤਰੀਆਂ ਵਿੱਚ ਇੰਦਰਾਜ ਕਰਨ ਸਬੰਧੀ ਜਾਣਕਾਰੀ ਦੇਣਾ, ਪਹਿਲ ਦੇ ਅਧਾਰ ਤੇ ਨਿਯੁਕਤੀਆਂ ਦੇਣ ਲਈ ਕੇਸ ਤਿਆਰ ਕਰਨ ਬਾਰੇ ਜਾਣਕਾਰੀ ਦੇਣਾ। ਕੰਨਫਰਮੇਸ਼ਨ ਦੇ ਕੇਸ ਤੇ ਰੈਗੂਲਰ ਕਰਨ ਦੇ ਕੇਸਾਂ ਬਾਰੇ ਅਤੇ ਤਰੱਕੀ ਦੇ ਕੇਸਾਂ ਨੂੰ ਮੁਕੰਮਲ ਕਰਨ ਸਬੰਧੀ ਜਾਣਕਾਰੀ ਦੇਣਾ, ਏ.ਸੀ.ਆਰ ਦੇ ਅਧਾਰ ਤੇ ਬੈਂਚਮਾਰਕ ਕਰਨਾ ਅਤੇ ਦਫਤਰੀ ਮਿਸਲਾਂ ਦੀ ਸਾਂਭ ਸੰਭਾਲ ਰੱਖਣ ਬਾਰੇ ਜਾਣਕਾਰੀ ਦੇਣਾ ਆਦਿ।

ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇੰਨ੍ਹਾਂ ਰਹਿੰਦੇ ਕਰਮਚਾਰੀਆਂ ਦੇ ਦੋ ਗਰੁੱਪ ਬਣਾਏ ਜਾਣਗੇ। ਇੱਕ ਗਰੁੱਪ ਨੂੰ ਸਵੇਰੇ 9:00 ਤੋਂ 1:00 ਵਜੇ ਤੱਕ <u>ਸ੍ਰੀ ਵਿਕਾਸ ਮਿੱਤਲ, ਐਸ.ਓ</u> ਟ੍ਰੇਨਿੰਗ ਦੇਣਗੇ ਅਤੇ ਸ਼ਾਮ ਦੇ ਸਮੇਂ 2:00 ਤੋਂ 5:00 ਵਜੇ ਤੱਕ ਐਮ.ਆਈ.ਐਸ ਵਿੰਗ ਦੇ <u>ਕਰਮਚਾਰੀ ਕੰਪਿਊਟਰ</u> ਟ੍ਰੇਨਿੰਗ ਦੇਣਗੇ। ਇਸੇ ਤਰ੍ਹਾਂ ਦੂਜੇ ਗਰੁੱਪ ਨੂੰ ਸਵੇਰੇ 9:00 ਤੋਂ 1:00 ਵਜੇ ਤੱਕ ਐਮ.ਆਈ.ਐਸ ਵਿੰਗ ਦੇ ਕਰਮਚਾਰੀ ਕੰਪਿਊਟਰ ਟ੍ਰੇਨਿੰਗ ਦੇਣਗੇ ਅਤੇ ਸ਼ਾਮ ਦੇ ਸਮੇਂ 2:00 ਤੋਂ 5:00 ਵਜੇ ਤੱਕ <u>ਸ੍ਰੀ ਵਿਕਾਸ ਮਿੱਤਲ, ਐਸ.ਓ</u> ਟ੍ਰੇਨਿੰਗ ਦੇਣਗੇ।

ਇਹ 05 ਰੋਜਾ ਟ੍ਰੇਨਿੰਗ ਖਤਮ ਹੋਣ ਉਪਰੰਤ ਇੰਨਾਂ ਕਰਮਚਾਰੀਆਂ ਦਾ ਲਿਖਤੀ ਪੇਪਰ ਲਿਆ ਜਾਵੇਗਾ ਅਤੇ ਇੱਕ ਹਫਤੇ ਦੇ ਵਿੱਚ-2 ਨਤੀਜਾ ਮੁਖ ਦਫਤਰ ਨੂੰ ਭੇਜਿਆ ਜਾਣਾ ਯਕੀਨੀ ਬਣਾਇਆ ਜਾਵੇਗਾ। ਇਹ ਮੁਕੰਮਲ ਪ੍ਰੋਗਰਾਮ ਜਿਲਾ ਸਿੱਖਿਆ ਅਫਸਰ (ਸੈਸਿ) ਫਰੀਦਕੋਟ ਦੀ ਦੇਖਰੇਖ ਵਿੱਚ ਹੀ ਨੇਪਰੇ ਚਾੜਿਆ ਜਾਵੇਗਾ।

ਸਮੂਹ ਜਿਲਾ ਸਿੱਖਿਆ ਅਫਸਰ ਇਹ ਸਰਟੀਫਿਕੇਟ ਦੇਣਗੇ ਕਿ ਉਨ੍ਹਾਂ ਦੇ ਜਿਲੇ ਵਿੱਚ ਕੋਈ ਵੀ ਕਲਰਕ ਭਾਵੇਂ ਉਹ ਜਿਲਾ ਦਫਤਰ/ ਕਾਲਜ/ ਸਕੂਲ/ ਡਾਇਟ/ ਬੀ.ਪੀ.ਈ.ਓ ਦਫਤਰਾਂ ਵਿੱਚ ਕੰਮ ਰਿਹਾ ਹੈ, ਕੋਈ ਵੀ 05 ਰੋਜਾ ਟ੍ਰੇਨਿੰਗ ਤੋਂ ਵਾਝਾਂ ਨਹੀਂ ਹੈ।

ਡਿਪਟੀ ਡਾਇਰੈਕਟਰ ਪ੍ਰਸ਼ਾਸਨ

ਪਿੱਠ ਅੰਕਣ ਨੰ: ਉਕਤ

ਮਿਤੀ: 20/7/18

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1 ਸਕੱਤਰ, ਸਕੂਲ ਸਿੱਖਿਆ, ਪੰਜਾਬ।
2 ਪੀ.ਏ ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ (ਸਅਸ ਨਗਰ)।
3 ਸ੍ਰੀ ਵਿਕਾਸ ਮਿੱਤਲ, ਐਸ.ਓ, ਦਫਤਰ ਜਿਲਾ ਸਿੱਖਿਆ ਅਫਸਰ (ਸੈਸਿ) ਬਠਿੰਡਾ।

ਡਿਪਟੀ ਡਾਇਰੈਕਟਰ ਪ੍ਰਸ਼ਾਸਨ